3666/M

N-3/2050
PUNJABI COMPULSORY-328
SEMESTER-VI

TIME ALLOWED 2 Hrs

M.M.75

## ਭਾਗ - ੳ

1. ਬਲਵੰਤ ਗਾਰਗੀ ਦੇ ਇਕਾਂਗੀ 'ਪੱਤਣ ਦੀ ਬੇੜੀ' ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

ਜਾਂ

ਆਤਮਜੀਤ ਦੇ ਇਕਾਂਗੀ 'ਚਿੜੀਆਂ' ਦਾ ਵਿਸ਼ਾ ਕੀ ਹੈ?

ਜਾਂ

ਪਾਲੀ ਭੁਪਿੰਦਰ ਦੀ ਇਕਾਂਗੀ ਕਲਾ ਤੋਂ ਜਾਣੂ ਕਰਵਾਓ।

(12)

2. ਹੇਠ ਲਿਖਿਆਂ ਵਿਚੋਂ ਇਕ ਦਾ ਪਾਤਰ ਚਿਤਰਣ ਕਰੋ:
ਦੀਪੋ, ਸੰਤੂ, ਸਤਨਾਮ

(8)

## ਭਾਗ - ਅ

3. ਹੇਠ ਲਿਖੇ ਪੈਰ੍ਹੇ ਦਾ ਪੰਜਾਬੀ ਵਿਚ ਅਨੁਵਾਦ ਕਰੋ:
The human beings are created by nature. They have the thinking power. Humans have emotions and feelings. They can learn several languages. Human beings slowly perform computations. Humans get tired after working continuously. (9)

4. ਵਾਕ ਦੀ ਕੀ ਪਰਿਭਾਸ਼ਾ ਹੈ ਅਤੇ ਇਸ ਦੀਆਂ ਕਿੰਨੀਆਂ ਕਿਸਮਾਂ ਹਨ?

ਜਾਂ

ਪੰਜਾਬੀ ਦੇ ਕਾਰਕੀ ਸਬੰਧਾਂ ਉਤੇ ਵਿਸਤ੍ਰਿਤ ਨੋਟ ਲਿਖੋ।

(12)

5. ਹੇਠ ਲਿਖੇ ਵਾਕਾਂ ਦਾ ਵਿਹਾਰਕ ਵਿਆਕਰਨਕ ਵਿਸ਼ਲੇਸ਼ਣ ਕਰੋ:
   1. ਮੈਂ ਅਗਰਬੱਤੀ ਵੇਚ ਰਿਹਾ ਹਾਂ। - ਇਹ ਕਿਹੋ ਜਿਹਾ ਵਾਕ ਹੈ?
   2. ਉਸ ਨੂੰ ਆਖਿਆ ਸੀ ਪਈ ਬੇੜੀ ਠੇਲ੍ਹ ਕੇ ਜੰਡ ਨਾਲ ਬੰਨ੍ਹ ਦੇ, ਤਾਂ ਉਹ ਇੱਕ ਚੱਪੂ ਹੀ ਤੋੜ ਲਿਆਇਆ। - ਇਹ ਕਿਹੋ ਜਿਹਾ ਵਾਕ ਹੈ?
   3. ਦੀਪੋ! ਦੀਪੋ! ਮੇਰੀ ਗੱਲ ਸੁਣ ਦੀਪੋ! - ਇਹ ਕਿਸ ਤਰ੍ਹਾਂ ਦਾ ਵਾਕ ਹੈ?
   4. ਇਹ ਬੰਦ ਕਮਰਿਆਂ ਦੀ ਰੀਤ ਹੁਣ ਬਦਲੇਗੀ। - ਇਸ ਵਿਚ ਕਿਹੜੇ ਕਾਰਕ ਦੀ ਵਰਤੋਂ ਕੀਤੀ ਗਈ ਹੈ? (4)

## ਭਾਗ - ੲ

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:
   1. ਸਮਕਾਲੀ ਪੰਜਾਬੀ ਨਾਟਕ ਨਾਮਕ ਪੁਸਤਕ ਦੇ ਸੰਪਾਦਕ ਕੌਣ ਹਨ?
   2. ਬਲਵੰਤ ਗਾਰਗੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?
   3. ਬਲਵੰਤ ਗਾਰਗੀ ਨੇ ਪੰਜਾਬੀ ਨਾਟਕ ਜਗਤ ਵਿਚ ਕਿਹੜੇ ਨਾਟਕ ਨਾਲ ਪ੍ਰਵੇਸ਼ ਕੀਤਾ?
   4. ਅਜਮੇਰ ਸਿੰਘ ਔਲਖ ਦੇ ਨਾਟਕ ਕਿਹੋ ਜਿਹੀਆਂ ਸਮੱਸਿਆਵਾਂ ਨਾਲ ਸਬੰਧਤ ਹਨ?
   5. ਆਤਮਜੀਤ ਦੇ ਨਾਟਕ 'ਚਿੜੀਆਂ' ਵਿਚ ਕਿਹੋ ਜਿਹੀ ਘਟਨਾ ਨੂੰ ਅਧਾਰ ਬਣਾਇਆ ਗਿਆ ਹੈ?
   6. ਆਤਮਜੀਤ ਦੇ ਦੋ ਹੋਰ ਨਾਟਕਾਂ ਦੇ ਨਾਂ ਲਿਖੋ।
   7. ਡਾ. ਮਨਜੀਤਪਾਲ ਕੌਰ ਦੇ ਨਾਟਕ 'ਬੰਧਨ ਤੇ ਸਰਾਪ' ਵਿਚ ਕਿਸ ਤਰ੍ਹਾਂ ਦੀ ਸਮੱਸਿਆ ਹੈ?
   8. ਸ਼ਾਹਿਦ ਨਦੀਮ ਤੋਂ ਜਾਣੂ ਕਰਵਾਓ।
   9. ਵਿਆਕਰਣ ਤੋਂ ਕੀ ਭਾਵ ਹੈ?
   10. ਸਧਾਰਨ ਵਾਕ ਦੀਆਂ ਦੋ ਉਦਾਹਰਨਾਂ ਦਿਓ।
   11. ਸੰਯੁਕਤ ਵਾਕ ਕਿਸ ਨੂੰ ਕਹਿੰਦੇ ਹਨ?
   12. ਹੈਰਾਨੀ ਪ੍ਰਗਟਾਉਣ ਵਾਲੇ ਵਾਕ ਨੂੰ ਕੀ ਕਹਿੰਦੇ ਹਨ?
   13. ਮੇਰੇ ਕਮਰੇ ਵਿਚ ਪੱਖਾ ਹੈ, ਵਾਕ ਵਿਚ ਕਿਹੜਾ ਕਾਰਕ ਵਰਤਿਆ ਗਿਆ ਹੈ?
   14. ਮੁੰਡਾ ਕਿਤਾਬ ਪੜ੍ਹਦਾ ਹੈ, ਵਾਕ ਵਿਚ ਕਿਰਿਆ ਦਾ ਮੇਲ ਕਿਸ ਨਾਲ ਹੈ?
   15. ਕੁੜੀ ਨੇ ਗੀਤ ਗਾਇਆ, ਵਾਕ ਵਿਚ ਕਿਰਿਆ ਦਾ ਮੇਲ ਕਿਸ ਨਾਲ ਹੈ?

(15×2=30)